# Prime Minister’s Departure Statement ahead of his visit to Rome and Glasgow

October 28, 2021

---

## ਰੋਮ ਅਤੇ ਗਲਾਸਗੋ ਦੇ ਦੌਰੇ 'ਤੇ ਜਾਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਦਾ ਬਿਆਨ

**28 ਅਕਤੂਬਰ, 2021**

ਮੈਂ ਮਹਾਮਹਿਮ ਪ੍ਰਧਾਨ ਮੰਤਰੀ ਮਾਰੀਓ ਡਰਾਘੀ ਦੇ ਸੱਦੇ 'ਤੇ 29-31 ਅਕਤੂਬਰ, 2021 ਤੱਕ ਰੋਮ (ਇਟਲੀ) ਅਤੇ ਵੈਟੀਕਨ ਸਿਟੀ ਦਾ ਦੌਰਾ ਕਰਾਂਗਾ, ਜਿਸ ਤੋਂ ਬਾਅਦ ਮੈਂ ਮਹਾਮਾਹਿਮ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਸੱਦੇ 'ਤੇ 1-2 ਨਵੰਬਰ 2021 ਤੱਕ ਗਲਾਸਗੋ (ਇੰਗਲੈਂਡ) ਦੀ ਯਾਤਰਾ ਕਰਾਂਗਾ।

ਰੋਮ ਵਿੱਚ ਮੈਂ G20 ਆਗੂਆਂ ਦੇ 16ਵੇਂ ਸੰਮੇਲਨ ਵਿੱਚ ਸ਼ਿਰਕਤ ਕਰਾਂਗਾ, ਜਿੱਥੇ ਮੈਂ ਮਹਾਂਮਾਰੀ, ਟਿਕਾਊ ਵਿਕਾਸ, ਅਤੇ ਜਲਵਾਯੂ ਤਬਦੀਲੀ ਤੋਂ ਲੈਕੇ ਆਲਮੀ ਆਰਥਿਕ ਅਤੇ ਸਿਹਤ ਦੀ ਬਹਾਲੀ ਬਾਰੇ ਹੋਰ G20 ਨੇਤਾਵਾਂ ਨਾਲ ਗਲਬਾਤ ਵਿਚ ਸ਼ਾਮਲ ਹੋਵਾਂਗਾ। ਇਹ 2020 ਵਿੱਚ ਮਹਾਂਮਾਰੀ ਫੈਲਣ ਤੋਂ ਬਾਅਦ G20 ਦਾ ਅਸਲ ਸ਼ਮੂਲੀਅਤ ਵਾਲਾ ਪਹਿਲਾ ਸਿਖਰ ਸੰਮੇਲਨ ਹੋਵੇਗਾ, ਜਿਸ ਸਦਕਾ ਅਸੀਂ ਮੌਜੂਦਾ ਆਲਮੀ ਸਥਿਤੀ ਦਾ ਜਾਇਜ਼ਾ ਲੈ ਸਕਾਂਗੇ ਅਤੇ ਇਸ ਬਾਰੇ ਵਿਚਾਰ ਵਟਾਂਦਰਾ ਕਰ ਸਕਾਂਗੇ ਕਿ G20 ਕਿਵੇਂ ਮਹਾਂਮਾਰੀ ‘ਚੋਂ ਸਮਾਵੇਸ਼ੀ ਅਤੇ ਟਿਕਾਊ ਤੌਰ 'ਤੇ ਨਿਕਲਨ, ਆਰਥਿਕ ਲਚਕੀਲੇਪਣ ਨੂੰ ਮਜ਼ਬੂਤ ਕਰਨ ਅਤੇ ਮੁੜ ਨਿਰਮਾਣ ਦਾ ਸਾਧਨ ਹੋ ਸਕਦਾ ਹੈ।

ਆਪਣੀ ਇਟਲੀ ਫੇਰੀ ਦੌਰਾਨ ਮੈਂ ਪਰਮ ਪੂਜਨੀਕ ਪੋਪ ਫਰਾਂਸਿਸ ਅਤੇ ਸੈਕ੍ਰੇਟਰੀ ਓਫ ਸਟੇਟ ਮਹਾਮਹਿਮ ਕਾਰਡੀਨਲ ਪੀਟਰੋ ਪੈਰੋਲਿਨ ਨੂੰ ਮਿਲਣ ਲਈ ਵੈਟੀਕਨ ਸਿਟੀ ਵੀ ਜਾਵਾਂਗਾ।

G-20 ਸਿਖਰ ਸੰਮੇਲਨ ਦੇ ਨਾਲ-ਨਾਲ ਮੈਂ ਹੋਰਨਾਂ ਭਾਈਵਾਲ ਦੇਸ਼ਾਂ ਦੇ ਆਗੂਆਂ ਨਾਲ ਵੀ ਮੁਲਾਕਾਤ ਕਰਾਂਗਾ ਅਤੇ ਉਨ੍ਹਾਂ ਦੇਸ਼ਾਂ ਅਤੇ ਭਾਰਤ ਦੇ ਦੁਵੱਲੇ ਸਬੰਧਾਂ ਵਿੱਚ ਹੋਈ ਪ੍ਰਗਤੀ ਦੀ ਸਮੀਖਿਆ ਕਰਾਂਗਾ।

31 ਅਕਤੂਬਰ ਨੂੰ G20 ਸਿਖਰ ਸੰਮੇਲਨ ਦੀ ਸਮਾਪਤੀ ਤੋਂ ਬਾਅਦ ਮੈਂ ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਫਰੇਮਵਰਕ ਕਨਵੈਨਸ਼ਨ (UNFCCC) ਦੀ 26ਵੀਂ ਕਾਨਫਰੰਸ ਆਫ ਪਾਰਟੀਜ਼ (COP-26) ਵਿੱਚ ਸ਼ਾਮਲ ਹੋਣ ਲਈ ਗਲਾਸਗੋ ਲਈ ਰਵਾਨਾ ਹੋਵਾਂਗਾ। ਮੈਂ 1-2 ਨਵੰਬਰ, 2021 ਤੱਕ ਦੁਨੀਆ ਭਰ ਦੇ 120 ਮੁਲਕਾਂ/ਸਰਕਾਰਾਂ ਦੇ ਮੁਖੀਆਂ ਨਾਲ COP-26 ਦੇ ਉੱਚ-ਪੱਧਰੀ ਹਿੱਸੇ ‘ਅੰਤਰਰਾਸ਼ਟਰੀ ਆਗੂ ਸਿਖਰ ਸੰਮੇਲਨ’ (WLS) ਵਿੱਚ ਹਿੱਸਾ ਲਵਾਂਗਾ।

ਕੁਦਰਤ ਅਤੇ ਗ੍ਰਹਿ ਲਈ ਡੂੰਘੇ ਸਤਿਕਾਰ ਦੇ ਸੱਭਿਆਚਾਰ ਮੁਤਾਬਕ ਰਹਿਣ ਦੀ ਆਪਣੀ ਪਰੰਪਰਾ ਅਨੁਸਾਰ ਅਸੀਂ ਸਾਫ਼ ਅਤੇ ਨਵਿਆਉਣਯੋਗ ਊਰਜਾ, ਊਰਜਾ ਕੁਸ਼ਲਤਾ, ਵਣਕਰਨ ਅਤੇ ਜੈਵ-ਵੰਨ ਸੁਵੰਨਤਾ ਦੇ ਵਿਸਥਾਰ ਲਈ ਅਭਿਲਾਸ਼ੀ ਕਾਰਵਾਈ ਕਰ ਰਹੇ ਹਾਂ। ਅੱਜ ਭਾਰਤ ਜਲਵਾਯੂ ਅਨੁਕੂਲਨ, ਇਸਨੂੰ ਘੱਟ ਕਰਨ ਅਤੇ ਲਚਕੀਲੇਪਨ ਅਤੇ ਬਹੁਪੱਖੀ ਗੱਠਜੋੜ ਬਣਾਉਣ ਲਈ ਸਮੂਹਿਕ ਯਤਨਾਂ ਵਿੱਚ ਨਵੇਂ ਕੀਰਤੀਮਾਨ ਸਥਾਪਤ ਕਰ ਰਿਹਾ ਹੈ। ਸਥਾਪਿਤ ਹੋ ਚੁੱਕੀ ਨਵਿਆਉਣਯੋਗ ਊਰਜਾ, ਹਵਾ-ਆਧਾਰਤ ਅਤੇ ਸੂਰਜੀ ਊਰਜਾ ਸਮਰੱਥਾ ਦੇ ਮਾਮਲੇ ਵਿੱਚ ਭਾਰਤ ਦੁਨੀਆ ਦੇ ਚੋਟੀ ਦੇ ਦੇਸ਼ਾਂ ਵਿੱਚੋਂ ਇਕ ਹੈ। WLS ਵਿਖੇ ਮੈਂ ਜਲਵਾਯੂ ਕਾਰਵਾਈਆਂ ਅਤੇ ਸਾਡੀਆਂ ਪ੍ਰਾਪਤੀਆਂ 'ਤੇ ਭਾਰਤ ਦੀਆਂ ਸ਼ਾਨਦਾਰ ਪ੍ਰਾਪਤੀਆਂ ਸਾਂਝਾ ਕਰਾਂਗਾ।

ਮੈਂ ਜਲਵਾਯੂ ਪਰਿਵਰਤਨ ਨਾਲ ਜੁੜੇ ਸਮਲਿਆਂ ਨੂੰ ਵਿਆਪਕ ਤੌਰ 'ਤੇ ਹੱਲ ਕਰਨ ਦੀ ਲੋੜ ਵੀ ਉਜਾਗਰ ਕਰਾਂਗਾ, ਜਿਸ ਵਿੱਚ ਕਾਰਬਨ ਸਪੇਸ ਦੀ ਨਿਆਂਪੂਰਨ ਵੰਡ, ਘਟਾਉਣ, ਅਨੁਕੂਲਤਾਅਤੇ ਲਚਕੀਲੇਪਣ ਨਿਰਮਾਣ ਉਪਾਵਾਂ ਲਈ ਹਮਾਇਤ, ਪੈਸਾ ਲਾਮਬੰਦ ਕਰਨਾ, ਟੈਕਨੋਲੋਜੀ ਟ੍ਰਾਂਸਫਰ ਅਤੇ ਹਰੇ ਅਤੇ ਸਮਾਵੇਸ਼ੀ ਵਿਕਾਸ ਲਈ ਟਿਕਾਊ ਜੀਵਨ ਸ਼ੈਲੀ ਦੀ ਮਹੱਤਤਾ ਸ਼ਾਮਲ ਹੈ।

COP26 ਸਿਖਰ ਸੰਮੇਲਨ ਸਦਕਾ ਸਹਿਭਾਗੀ ਦੇਸ਼ਾਂ ਦੇ ਆਗੂਆਂ, ਨਵੀਨਤਾਵਾਂ ਅਤੇ ਅੰਤਰ-ਸਰਕਾਰੀ ਸੰਗਠਨਾਂ ਸਮੇਤ ਸਾਰੇ ਹਿੱਸੇਦਾਰਾਂ ਨਾਲ ਮਿਲਣ ਅਤੇ ਸਾਡੇ ਸਾਫ਼ ਵਿਕਾਸ ਨੂੰ ਹੋਰ ਤੇਜ਼ ਕਰਨ ਲਈ ਸੰਭਾਵਨਾਵਾਂ ਦੀ ਪੜਚੋਲ ਕਰਨ ਦਾ ਮੌਕਾ ਵੀ ਮਿਲੇਗਾ।

ਨਵੀਂ ਦਿੱਲੀ
28 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.